ਦਫਤਰ ਸਹਾਇਕ ਰਿਟਰਨਿੰਗ ਅਫਸਰ 09-ਫਰੀਦਕੋਟ ਲੋਕ ਸਭਾ ਚੋਣ ਹਲਕਾ-ਕਮ
ਉਪ ਮੰਡਲ ਮੈਜਿਸਟਰੇਟ, ਰਾਮਪੁਰਾ ਫੂਲ।
OFFICE OF THE ASSITANT RETURNING OFFICER 09-FARIDKOT(PC)-CUM-
SUB DIVISIONAL MAGISTRATE RAMPURA PHUL
Phone No. 01651-249225 Fax No. 01651-249025 E-mail: aro90rampuraphul@gmail.com

ਚੁਣਾਵ ਕਾ ਪਰਵ DESH KA GARV

ਰਿਸ਼ਵਤ ਛਡੋ, ਨਸ਼ਾ ਛਡੋ — ਰਿਸ਼ਵਤ ਛਡੋ, ਨਸ਼ਾ ਛਡੋ

ਵੱਲ

ਸਮੂਹ ਸਕੂਲ ਮੁੱਖੀ ਅਤੇ ਸਮੂਹ ਵਿਭਾਗਾਂ ਦੇ ਮੁੱਖੀ,
ਵਿਧਾਨ ਸਭਾ ਚੋਣ ਹਲਕਾ 90-ਰਾਮਪੁਰਾ ਫੂਲ।

ਪੱਤਰ ਨੰ. 4245/ਚੋਣਾਂ-2024 ਮਿਤੀ:- 30/05/2024

ਵਿਸ਼ਾ:- ਪੋਲਿੰਗ ਬੂਥਾਂ ਉੱਪਰ ਇੰਤਜਾਮਾਂ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦੇ ਹੋਏ ਆਪ ਨੂੰ ਲਿਖਿਆ ਜਾਂਦਾ ਹੈ ਕਿ ਫਰੀਦਕੋਟ ਲੋਕ ਸਭਾ ਚੋਣ ਹਲਕੇ ਅਧੀਨ 90-ਰਾਮਪੁਰਾ ਫੂਲ ਦੇ ਪੋਲਿੰਗ ਸਟੇਸ਼ਨਾਂ ਦੀ ਲਿਸਟ ਭੇਜਦੇ ਹੋਏ ਪੋਲਿੰਗ ਲੋਕੇਸ਼ਨਾਂ ਨਾਲ ਸਬੰਧਤ ਮੁਖੀਆਂ ਨੂੰ ਹੇਠ ਦਰਜ ਹਦਾਇਤਾਂ ਕੀਤੀਆਂ ਜਾਂਦੀਆਂ ਹਨ:-

1. ਬਿਲਡਿੰਗ ਵਿੱਚ ਮੌਜੂਦ ਵਾਸ਼ਰੂਮ ਸਾਫ ਸੁਥਰੇ ਹੋਣ, ਦਰਵਾਜੇ ਸਹੀ ਲੱਗਦੇ ਹੋਣ ਅਤੇ ਵਾਸ਼ਰੂਮ ਵਿੱਚ ਪਾਣੀ ਦਾ ਪੁਖਤਾ ਪ੍ਰਬੰਧ ਕੀਤਾ ਜਾਵੇ।
2. ਪੋਲਿੰਗ ਸਟੇਸ਼ਨਾਂ ਵਿਖੇ ਬਿਜਲੀ ਦਾ ਪੁਖਤਾ ਪ੍ਰਬੰਧ, ਕਮਰਿਆਂ ਦੇ ਪੱਖੇ ਚਾਲੂ ਹਾਲਤ ਵਿੱਚ ਅਤੇ ਸਾਫ ਸਫਾਈ ਦਾ ਪੁਖਤਾ ਪ੍ਰਬੰਧ ਕੀਤਾ ਜਾਵੇ।
3. ਸਬੰਧਤ ਬੀ.ਐੱਲ.ਓ. ਨਾਲ ਤਾਲਮੇਲ ਕਰਕੇ ਫਰਨੀਚਰ/ਪੋਲਿੰਗ ਮਟੀਰੀਅਲ ਸਟੋਰ ਕਰਨ ਲਈ ਸਬੰਧਤ ਬਿਲਡਿੰਗ ਦਾ ਕਮਰਾ ਖੁਲਵਾ ਕੇ ਰੱਖਿਆ ਜਾਵੇ।
4. ਹੀਟ ਵੇਵ ਮੈਨੇਜਮੈਂਟ ਨੂੰ ਧਿਆਨ ਵਿੱਚ ਰੱਖਦੇ ਹੋਏ ਪੋਲਿੰਗ ਲੁਕੇਸ਼ਨਾਂ ਉੱਪਰ ਪੀਣ ਵਾਲੇ ਪਾਣੀ ਦਾ ਪੁਖਤਾ ਪ੍ਰਬੰਧ ਕੀਤਾ ਜਾਵੇ, ਵੋਟਿੰਗ ਤੋਂ ਇੱਕ ਦਿਨ ਪਹਿਲਾਂ ਪਾਣੀ ਦਾ ਛਿੜਕਾਵ ਕਰਵਾ ਲਿਆ ਜਾਵੇ ਅਤੇ ਪੋਲਿੰਗ ਪਾਰਟੀ ਅਤੇ ਵੋਟਰਾਂ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਨਾ ਆਉਣ ਦਿੱਤੀ ਜਾਵੇ।

ਉਕਤ ਹਦਾਇਤਾਂ ਵਿੱਚ ਦਰਸਾਏ ਗਏ ਪ੍ਰਬੰਧਾਂ ਨੂੰ ਮਿਤੀ 30/05/2024 ਤੱਕ ਕਰਵਾ ਲਿਆ ਜਾਵੇ।

ਸਹਾਇਕ ਰਿਟਰਨਿੰਗ ਅਫਸਰ,
09-ਫਰੀਦਕੋਟ ਲੋਕ ਸਭਾ ਚੋਣ ਹਲਕਾ-ਕਮ-
ਉਪ ਮੰਡਲ ਮੈਜਿਸਟਰੇਟ, ਰਾਮਪੁਰਾ ਫੂਲ।

ਪਿੱਠ ਅੰਕਣ ਨੰ.4246-4248 /ਚੋਣਾਂ-2024 ਮਿਤੀ 30/05/2024

1. ਰਿਟਰਨਿੰਗ ਅਫਸਰ-09-ਫਰੀਦਕੋਟ ਲੋਕ ਸਭਾ ਚੋਣ ਹਲਕਾ-ਕਮ- ਡਿਪਟੀ ਕਮਿਸ਼ਨਰ, ਫਰੀਦਕੋਟ ਜੀ ਪਾਸ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
2. ਜ਼ਿਲ੍ਹਾ ਚੋਣ ਅਫਸਰ, ਬਠਿੰਡਾ ਜੀ ਪਾਸ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
3. ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ/ਐਲੀਮੈਂਟਰੀ), ਬਠਿੰਡਾ ਪਾਸ ਭੇਜਕੇ ਲਿਖਿਆ ਜਾਂਦਾ ਹੈ ਕਿ ਆਪ ਅਧੀਨ ਸਮੂਹ ਸਕੂਲ ਮੁਖੀਆਂ ਨੂੰ ਉਕਤ ਹਦਾਇਤਾਂ ਦੀ ਪਾਲਣਾ ਕਰਨ ਲਈ ਪਾਬੰਦ ਕੀਤਾ ਜਾਵੇ।

ਸਹਾਇਕ ਰਿਟਰਨਿੰਗ ਅਫਸਰ,
09-ਫਰੀਦਕੋਟ ਲੋਕ ਸਭਾ ਚੋਣ ਹਲਕਾ-ਕਮ-
ਉਪ ਮੰਡਲ ਮੈਜਿਸਟਰੇਟ, ਰਾਮਪੁਰਾ ਫੂਲ

Scanned with CamScanner

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

ਪਿਠ ਅੰਕਣ ਨੰ :ਜੀ-1/4 ( )2024/ 6028 ਮਿਤੀ: 30/05/2024

ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ , ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

30/5/24

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)

ਬਠਿੰਡਾ ।